(i) Printed Pages : 4 Roll No. ................................

(ii) Questions : 4 **Sub. Code : 1 0 5 3 4**

**Exam. Code : 5 0 0 2**

**Bachelor of Arts (FYUP) 2nd Semester**

**(2056)**

**PUNJABI**

**Paper : Punjabi Kahani Ate Vyakaran (Common With B.Sc. General 2nd Sem. & Shastri 2nd Sem. FYUP)**

**Time Allowed : 3 Hours]** **[Maximum Marks : 45**

## ਯੂਨਿਟ-ਪਹਿਲਾ

1. ਕਹਾਣੀ ਦੀ ਪਰਿਭਾਸ਼ਾ ਦਿੰਦਿਆਂ, ਇਸਦੇ ਤੱਤਾਂ ਦਾ ਵਰਨਣ ਕਰੋ।

**ਜਾਂ**

'ਧਰਤੀ ਹੇਠਲਾ ਬੌਲਦ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 1×8=8

## ਯੂਨਿਟ-ਦੂਜਾ

2. (ੳ) ਕਿਸੇ **ਚਾਰ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

   (i) 'ਪਹੁਤਾ ਪਾਂਧੀ' ਕਹਾਣੀ ਦਾ ਉਦੇਸ਼ ਕੀ ਹੈ ?

   (ii) ਬਾਰੂ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ ?

   (iii) ਭਾਖੜਾ ਡੈਮ ਬਾਰੇ ਕੀ ਅਫ਼ਵਾਹ ਸੀ ?

   (iv) 'ਚੌਥੀ ਕੂਟ' ਕਿਸ ਨੂੰ ਤੇ ਕਿਉਂ ਕਿਹਾ ਗਿਆ ਹੈ ?

   (v) 'ਖੂਹ-ਖਾਤੇ' ਕਹਾਣੀ ਦੇ ਸਿਰਲੇਖ ਤੋਂ ਕੀ ਭਾਵ ਹੈ ?

4×2=8



Scanned with OKEN Scanner

(ਅ) ਪ੍ਰਿੰ: ਸੁਜਾਨ ਸਿੰਘ ਜਾਂ ਵਰਿਆਮ ਸੰਧੂ ਦੇ ਜੀਵਨ, ਰਚਨਾ ਤੇ ਸਾਹਿਤਕ ਯੋਗਦਾਨ ਬਾਰੇ ਚਾਨਣਾ ਪਾਓ। 1×6=6

## ਯੂਨਿਟ–ਤੀਜਾ

3. (ੳ) ਮਨੁੱਖੀ ਹੋਂਦ ਲਈ ਪਾਣੀ ਦੀ ਅਵੱਸ਼ ਲੋੜ ਹੈ। ਅਸਲ ਵਿੱਚ ਜੀਵਨ ਦਾ ਆਰੰਭ ਹੀ ਪਾਣੀ ਵਿੱਚੋਂ ਹੋਇਆ ਹੈ। ਆਦਿ ਕਾਲੀਨ ਮਨੁੱਖ ਪਾਣੀ ਦੀ ਲੋੜ ਕੁਦਰਤੀ ਸੋਮਿਆਂ ਜਿਵੇਂ ਦਰਿਆਵਾਂ ਜਾਂ ਝੀਲਾਂ ਤੋਂ ਪੂਰੀ ਕਰਦਾ ਸੀ। ਸਾਡੇ ਪਾਸ ਇਸ ਯੁਗ ਦੀ ਯਾਦਗਾਰ 'ਘਾਟ' ਦਾ ਸ਼ਬਦ ਹੈ, ਜਿਸ ਦਾ ਅਰਥ ਦਰਿਆ ਦਾ ਕੰਢਾ ਹੈ, ਅਰਥਾਤ ਪਾਣੀ ਭਰਨ ਤੇ ਨਹਾਉਣ-ਧੋਣ ਦੀ ਥਾਂ। ਇਸ ਤੋਂ ਇਲਾਵਾ 'ਘਾਟ' ਦਾ ਅਰਥ ਪੱਤਣ ਵੀ ਹੈ। ਪਾਣੀ ਭਰਨ ਵਾਲੀ ਥਾਂ ਲਈ 'ਪਨਘਟ' ਸ਼ਬਦ ਵੀ ਹੈ, ਜਿਸ ਦਾ ਜ਼ਿਆਦਾ ਸੰਬੰਧ ਹਿੰਦੀ ਨਾਲ ਹੈ। ਉਂਝ ਪੰਜਾਬੀ ਵਿੱਚ ਘਾਟਾਂ ਦੀ ਵਰਤੋਂ ਵੀ ਪਾਣੀ ਭਰਨ ਦੀ ਥਾਂ ਲਈ ਘੱਟ-ਵੱਧ ਹੀ ਹੁੰਦੀ ਹੈ ਅਤੇ ਇਸ ਦੀਆਂ ਪੈੜਾਂ ਕੇਵਲ ਅਖਾਣਾਂ ਜਾਂ ਮੁਹਾਵਰਿਆਂ ਵਿੱਚ ਹੀ ਇਸਦੀਆਂ ਹਨ, ਜਿਵੇਂ 'ਘਰ-ਘਾਟ' 'ਘਰ ਦਾ ਨਾ ਘਾਟ ਦਾ' ਅਤੇ 'ਘਾਟ ਘਾਟ ਦਾ ਪਾਣੀ ਪੀਣਾ'। ਘਰ ਦੇ ਟਾਕਰੇ ਘਾਟ ਦੀ ਵਰਤੋਂ ਤੋਂ ਇਸ ਥਾਂ ਦੀ ਮਹੱਤਤਾ ਦਾ ਭਲੀ-ਭਾਂਤ ਪਤਾ ਲੱਗ ਜਾਂਦਾ ਹੈ। ਘਾਟ ਤੋਂ ਅੱਗੇ ਚੱਲ ਕੇ ਖੂਹ ਦੀ ਕਾਢ ਸੱਭਿਅਤਾ ਦੇ ਵਿਕਾਸ ਦੀ ਇਕ ਵੱਡੀ ਘਟਨਾ ਹੈ। ਪੰਜਾਬੀ ਜਨ-ਜੀਵਨ ਵਿੱਚ ਖੂਹ ਦੀ ਸੰਸਥਾ ਨਵੇਕਲੀ ਹੈ। ਸਮੇਂ ਦੇ ਹੋਰ ਅੱਗੇ ਵਧਣ ਨਾਲ ਖੂਹਾਂ ਦੀ ਥਾਂ ਨਲਕੇ ਮੱਲ ਲੈਂਦੇ ਹਨ ਅਤੇ ਅੱਜ-ਕੱਲ੍ਹ ਟੂਟੀਆਂ ਤੇ ਜਲ-ਘਰਾਂ ਦਾ ਬੋਲ-ਬਾਲਾ ਹੈ। ਇਸ ਤਰ੍ਹਾਂ ਸਮੇਂ ਦੇ ਫੇਰ ਨਾਲ ਪਨਘਟ ਤੇ ਖੂਹਾਂ ਤੋਂ ਪਾਣੀ ਭਰਨ ਦਾ ਰਿਵਾਜ ਜੋ ਜਨਾਨੀਆਂ ਦਾ ਕਿੱਤਾ ਸੀ, ਇਕ ਬੀਤੇ ਸਮੇਂ ਦੀ ਯਾਦ ਬਣ ਕੇ ਰਹਿ ਗਿਆ ਹੈ। ਬਾਂਕੀਆਂ ਨਾਰਾਂ ਦਾ ਖੂਹ ਤੇ ਪਾਣੀ ਭਰਨਾ



Scanned with OKEN Scanner

ਅਤੇ ਚਾਹਵਾਨ ਰਾਹੀਆਂ ਦਾ ਪਾਣੀ ਦਾ ਘੁੱਟ ਮੰਗਣਾ ਸਾਡੇ ਲੋਕ-ਗੀਤਾਂ ਦਾ ਸਾਜੀਵ ਦ੍ਰਿਸ਼ ਹੈ।

ਉਪਰੋਕਤ ਪੈਰ੍ਹੇ ਵਿਚੋਂ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਮਨੁੱਖੀ ਜੀਵਨ ਵਿੱਚ ਪਾਣੀ ਦਾ ਕੀ ਮਹੱਤਵ ਹੈ ?

(ਅ) 'ਘਾਟ' ਸ਼ਬਦ ਕਿਹੜੇ-ਕਿਹੜੇ ਅਰਥਾਂ ਦਾ ਧਾਰਨੀ ਰਿਹਾ ਹੈ ?

(ੲ) ਪਾਣੀ ਪ੍ਰਾਪਤ ਕਰਨ ਦੇ ਵੱਖ-ਵੱਖ ਸੋਮੇ ਕਿਹੜੇ ਰਹੇ ਹਨ ?

(ਸ) ਲੋਕ-ਗੀਤਾਂ ਵਿੱਚ ਪਾਣੀ ਨਾਲ ਸੰਬੰਧਿਤ ਕਿਹੜੇ ਸਜੀਵ ਦ੍ਰਿਸ਼ ਹਨ ?

(ਹ) 'ਬਾਂਕੀਆ' ਤੋਂ ਕੀ ਭਾਵ ਹੈ ? 5×1=5

(ਅ) ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਬਿਮਾਰੀ ਦਿਨੋ-ਦਿਨ ਵਧ ਰਹੀ ਹੈ। ਇਸ ਸਮੱਸਿਆ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਜਾਂ**

ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਚਿੱਠੀ ਲਿਖੋ, ਜਿਸ ਵਿੱਚ ਆਪਣੇ ਇਲਾਕੇ ਵਿੱਚ ਦਿਨ-ਬ-ਦਿਨ ਵਧ ਰਹੀਆਂ ਚੋਰੀ ਤੇ ਗੁੰਡਾਗਰਦੀ ਦੀਆਂ ਘਟਨਾਵਾਂ ਦੀ ਸ਼ਿਕਾਇਤ ਕਰਦਿਆਂ ਇਸ ਉੱਤੇ ਕਾਬੂ ਪਾਉਣ ਦੀ ਬੇਨਤੀ ਕਰੋ। 1×5=5

## ਯੂਨਿਟ-ਚੌਥਾ

4. (ੳ) ਨਾਂਵ ਦੀ ਪਰਿਭਾਸ਼ਾ ਦਿੰਦਿਆਂ, ਇਸਦੀਆਂ ਕਿਸਮਾਂ ਬਾਰੇ ਲਿਖੋ।

**ਜਾਂ**

ਕਿਰਿਆ ਵਿਸ਼ੇਸ਼ਣ ਦੀ ਪਰਿਭਾਸ਼ਾ ਦਿੰਦਿਆਂ, ਇਸਦੀਆਂ ਕਿਸਮਾਂ ਸੰਬੰਧੀ ਉਦਾਹਰਨਾਂ ਸਹਿਤ ਦੱਸੋ। 1×3=3



Scanned with OKEN Scanner

(ਅ) ਪੰਜਾਬੀ ਸ਼ਬਦ-ਜੋੜਾਂ ਦੀ ਸਮੱਸਿਆ ਬਾਰੇ ਚਰਚਾ ਕਰੋ।

**ਜਾਂ**

ਪੰਜਾਬੀ ਵਿਚ ਬਿੰਦੀ ਤੇ ਟਿੱਪੀ ਦੀ ਵਰਤੋਂ ਸੰਬੰਧੀ ਉਦਾਹਰਨਾਂ ਸਹਿਤ ਚਰਚਾ ਕਰੋ। 1×5=5

(ੲ) ਹੇਠ ਲਿਖੇ ਵਾਕਾਂ ਸੰਬੰਧੀ ਸਾਹਮਣੇ ਬ੍ਰੈਕਟਾਂ ਵਿੱਚ ਪੁੱਛੇ ਗਏ ਪ੍ਰਸ਼ਨਾਂ ਅਨੁਸਾਰ ਉੱਤਰ ਦਿਓ :

(i) ਅੱਜ ਬਹੁਤ ਗਰਮੀ ਹੈ। (ਭਾਵਵਾਚਕ ਨਾਂਵ ਚੁਣੋ)

(ii) ਅਖ਼ੀਰ ਮੇਰੀ ਸਲਾਹ ਨੇਪਰੇ ਚੜ੍ਹ ਗਈ। (ਕਾਲਵਾਚਕ ਕਿਰਿਆ ਵਿਸ਼ੇਸ਼ਣ ਚੁਣੋ)

(iii) ਬਿੱਲੀ ਮੇਜ਼ ਦੇ ਹੇਠਾਂ ਬੈਠੀ ਹੈ। (ਸੰਬੰਧਕ ਚੁਣੋ)

(iv) ਤੁਸੀਂ ਕਦੋ ਜਲੰਦਰ ਜਾਮੋਗੇ ? (ਸ਼ਬਦ ਜੋੜ ਸੋਧ ਕੇ ਲਿਖੋ)

(v) ਹੇਠ ਲਿਖੇ ਸ਼ਬਦਾਂ ਦੇ ਜੋੜ ਸ਼ੁੱਧ ਕਰੋ :

ਪਾਨੀ, ਕਰਣ

5×1=5



Scanned with OKEN Scanner